# ਪੰਜਾਬ ਸਕੂਲ ਸਿੱਖਿਆ ਬੋਰਡ

## (ਰਜਿਸਟ੍ਰੇਸ਼ਨ ਸ਼ਾਖਾ)

### (ਜ਼ਰੂਰੀ ਸੂਚਨਾ)

ਪੰਜਾਬ ਰਾਜ ਦੇ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਸਮੂਹ ਸਕੂਲ ਮੁਖੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2024-25 ਲਈ ਨੌਵੀਂ ਅਤੇ ਗਿਆਰ੍ਹਵੀਂ ਸ਼੍ਰੇਣੀਆਂ ਦੇ ਵਿਦਿਆਰਥੀਆਂ ਦਾ ਨਤੀਜਾ ਆਨ-ਲਾਈਨ ਅਪਲੋਡ ਕਰਨ ਲਈ ਮਿਤੀ 15-05-2025 ਤੱਕ ਦਾ ਸਮਾਂ ਸਕੂਲ ਪੱਧਰ ਤੇ ਹੀ ਦਿੱਤਾ ਗਿਆ ਸੀ। ਉਸ ਉਪਰੰਤ ਜਿੰਨਾਂ ਸਕੂਲਾਂ ਵੱਲੋਂ ਰਿਜ਼ਲਟ ਅਪਲੋਡ ਨਹੀਂ ਕੀਤਾ ਗਿਆ, ਉਹ ਸਕੂਲ 200/- ਰੁਪਏ ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਮਿਤੀ 16-06-2025 ਤੱਕ ਜ਼ਿਲ੍ਹਾ ਖੇਤਰੀ ਦਫਤਰਾਂ ਵਿਖੇ ਨਤੀਜਾ ਅਪਲੋਡ ਕਰਵਾ ਸਕਦੇ ਹਨ। ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵੱਲੋਂ ਅਜੇ ਤੱਕ ਵੀ ਨਤੀਜੇ ਦਾ ਫਾਈਨਲ ਸਬਮਿਸ਼ਨ ਨਹੀਂ ਕਰਵਾਇਆ ਗਿਆ। ਅਜਿਹੇ ਸਕੂਲ ਤੁਰੰਤ ਆਪਣੇ ਜ਼ਿਲ੍ਹੇ ਨਾਲ ਸਬੰਧਤ ਜ਼ਿਲ੍ਹਾ ਖੇਤਰੀ ਦਫ਼ਤਰ ਵਿਖੇ ਬੋਰਡ ਵੱਲੋਂ ਨਿਰਧਾਰਿਤ ਸ਼ਡਿਊਲ ਅਨੁਸਾਰ ਜੁਰਮਾਨਾ ਫੀਸ ਭਰ ਕੇ ਨਤੀਜੇ ਦੀ ਫਾਈਨਲ ਸ਼ਬਮਿਸ਼ਨ ਕਰਵਾਉਣ, ਤਾਂ ਜੋ ਮਿਤੀ 17-06-2025 ਤੋਂ ਬਾਅਦ 500/- ਅਤੇ ਮਿਤੀ 31-07-2025 ਤੋਂ 1000/- ਰੁਪਏ ਪ੍ਰਤੀ ਵਿਦਿਆਰਥੀ ਲੇਟ ਫੀਸ ਨਾਲ ਹੀ ਨਤੀਜਾ ਅਪਲੋਡ ਕਰਵਾਇਆ ਜਾ ਸਕੇ। ਨਤੀਜਾ ਅਪਲੋਡ ਨਾ ਕਰਵਾਉਣ ਦੀ ਸੂਰਤ ਵਿੱਚ ਅਜਿਹੇ ਸਕੂਲਾਂ ਦੇ ਵਿਦਿਆਰਥੀ ਸੈਸ਼ਨ 2025-26 ਲਈ ਦਸਵੀਂ ਅਤੇ ਬਾਰ੍ਹਵੀਂ ਸ਼੍ਰੇਣੀਆਂ ਵਿੱਚ ਇੰਪੋਰਟ ਨਹੀਂ ਹੋ ਸਕਣਗੇ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਸਬੰਧਤ ਸੂਕਲ ਮੁਖੀ ਦੀ ਹੋਵੇਗੀ।

12/06/2025

ਸੁਪਰਡੰਟ (ਰਜਿ: ਸ਼ਾਖਾ)